## ਜ਼ਿਲਾ ਤਰਨਤਾਰਨ ਦੀ ਭੂਮੀ ਅਤੇ ਜਲਵਾਯੂ ਨਾਖਾਂ ਦੇ ਬਾਗਾਂ ਲਈ ਬਹੁਤ ਲਾਹੇਬੰਦ- ਡਿਪਟੀ ਕਮਿਸ਼ਨਰ

***ਨਵੇਂ ਬਾਗ਼ ਲਗਾਉਣ ਲਈ ਕਿਸਾਨਾਂ ਨੂੰ ਮਿਲੇਗੀ 50 ਫੀਸਦੀ ਤੱਕ ਦੀ ਸਬਸਿਡੀ***

ਤਰਨਤਾਰਨ, 10 ਅਗਸਤ :

ਜ਼ਿਲ•ਾ ਤਰਨਤਾਰਨ ਦੀ ਭੂਮੀ ਅਤੇ ਜਲਵਾਯੂ ਨਾਖਾਂ ਦੇ ਬਾਗਾਂ ਲਈ ਬਹੁਤ ਲਾਹੇਬੰਦ ਹੈ ਅਤੇ ਬਾਗਵਾਨੀ ਵਿਭਾਗ ਤਰਨਤਾਰਨ ਵੱਲੋਂ ਜ਼ਿਲ•ੇ ਵਿੱਚ ਨਾਖਾਂ ਦੇ ਬਾਗ਼ ਲਗਾਉਣ ਲਈ ਕਿਸਾਨਾਂ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਤਰਨਤਾਰਨ ਸ੍ਰੀ ਪਰਦੀਪ ਕੁਮਾਰ ਸੱਭਰਵਾਲ ਨੇ ਅੱਜ ਖੇਤੀਬਾੜੀ ਉਤਪਾਦਨ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਦਿੱਤੀ । ਇਸ ਮੌਕੇ ਉਹਨਾਂ ਦੱਸਿਆ ਕਿ ਜ਼ਿਲ•ਾ ਤਰਨਤਾਰਨ ਵਿੱਚ ਕੁੱਲ 1650 ਹੈਕਟੇਅਰ ਰਕਬਾ ਬਾਗ਼ਵਾਨੀ ਹੇਠ ਲਿਆਂਦਾ ਗਿਆ ਹੈ, ਜਿਸ ਵਿੱਚੋਂ 750 ਹੈਕਟੇਅਰ ਰਕਬਾ ਨਾਖਾਂ ਦੇ ਬਾਗ਼ਾਂ ਹੇਠ ਹੈ। ਉਹਨਾਂ ਦੱਸਿਆ ਕਿ 400 ਹੈਕਟੇਅਰ ਰਕਬਾ ਅਮਰੂਦਾਂ ਦੇ ਬਾਗ਼ ਹੇਠ ਹੈ ਅਤੇ ਬਾਕੀ ਹੋਰ ਤਰ•ਾਂ ਦੇ ਬਾਗ਼ ਲਗਾਏ ਗਏ ਹਨ। ਉਹਨਾਂ ਦੱਸਿਆ ਕਿ ਫਤਿਆਬਾਦ ਵਿਖੇ 25 ਏਕੜ ਵਿੱਚ ਸਰਕਾਰੀ ਬਾਗ਼ ਲਗਾਇਆ ਗਿਆ ਹੈ, ਜਿੱਥੇ 8 ਏਕੜ ਵਿੱਚ ਨਾਖ ਲਗਾਈ ਗਈ ਹੈ। ਇਸ ਤੋਂ ਇਲਾਵਾ ਇੱਥੇ ਨਰਸਰੀ ਵੀ ਬਣਾਈ ਗਈ ਹੈ, ਜਿੱਥੋਂ ਕਿਸਾਨਾਂ ਨੂੰ ਫਲਦਾਰ ਬੂਟੇ ਮੁਹੱਈਆ ਕਰਵਾਏ ਜਾਂਦੇ ਹਨ।



ਉਹਨਾਂ ਬਾਗ਼ਵਾਨੀ ਵਿਭਾਗ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਜ਼ਿਲ•ੇ ਦੇ ਕਿਸਾਨਾਂ ਨੂੰ ਬਾਗ਼ਵਾਨੀ ਪ੍ਰਤੀ ਉਤਸ਼ਾਹਿਤ ਕਰਨ ਲਈ ਪਿੰਡ ਅਤੇ ਬਲਾਕ ਪੱਧਰ 'ਤੇ ਜਾਗਰੂਕਤਾ ਕੈਂਪ ਲਗਾਏ ਜਾਣ। ਉਹਨਾਂ ਦੱਸਿਆ ਕਿ ਬਾਗ਼ਵਾਨੀ ਵਿਭਾਗ ਵੱਲੋਂ ਕੌਮੀ ਬਾਗ਼ਵਾਨੀ ਮਿਸ਼ਨ ਤਹਿਤ ਨਵੇਂ ਬਾਗ਼ ਲਗਾਉਣ ਲਈ 50 ਫੀਸਦੀ ਤੱਕ ਦੀ ਸਬਸਿਡੀ ਮੁਹੱਈਆ ਕਰਵਾਈ ਜਾਂਦੀ ਹੈ।